Sl.No. :

नामांक Roll No.

| | | | | | | |
|---|---|---|---|---|---|---|
| | | | | | | |

No. of Questions – 10
No. of Printed Pages – 07

**S-75-Punjabi (T.L.)**

# माध्यमिक परीक्षा, 2020
# SECONDARY EXAMINATION, 2020
## पंजाबी
## PUNJABI
**(THIRD LANGUAGE)**
**Time : 3¼ Hours**
**Maximum Marks : 80**

Tear here

प्रश्न पत्र को खोलने के लिए यहाँ फाड़ें
TEAR HERE TO OPEN THE QUESTION PAPER

### ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।

2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ ।

4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇਕ ਥਾਂ 'ਤੇ, ਇੱਕ ਹੀ ਤਰਤੀਬ ਵਿੱਚ ਲਿਖੋ ।

यहाँ से काटिए

1) ਜੇ ਗੁਆਂਢ ਚੰਗਾ ਹੋਵੇ ਤਾਂ ਦੁੱਖ ਵੰਡੇ ਜਾਂਦੇ ਹਨ, ਸੁੱਖਾਂ ਦੀ ਘੜੀ ਚਾਰ ਗੁਣਾ ਹੋ ਜਾਂਦੀ ਹੈ । ਰਿਸ਼ਤੇਦਾਰ ਤਾਂ ਚੱਲ ਕੇ ਆਉਣਗੇ ਪਰ ਗੁਆਂਢੀ ਆਵਾਜ਼ ਮਾਰਨ 'ਤੇ ਹਾਜ਼ਰ ਹੋ ਸਕਦੇ ਹਨ । ਗੁਆਂਢ ਦੇ ਸਾਥ ਦੀ ਕੋਈ ਰੀਸ ਨਹੀਂ । ਗੁਆਂਢੀ ਨੇ ਹਮੇਸ਼ਾ ਤੁਹਾਡੇ ਜਨ-ਜੀਵਨ ਦਾ ਸਹਿ-ਪਾਤਰ ਬਣ ਕੇ ਨਿਭਣਾ ਹੁੰਦਾ ਹੈ । ਜਦੋਂ ਤੁਸੀਂ ਪੂਰੇ ਪਰਿਵਾਰ ਨਾਲ ਕਿਧਰੇ ਬਾਹਰ ਜਾ ਰਹੇ ਹੁੰਦੇ ਹੋ ਤਾਂ ਗੁਆਂਢੀ ਪੂਰੀ ਮੁਸਤੈਦੀ ਨਾਲ ਤੁਹਡੇ ਘਰ ਦੀ ਨਿਗਰਾਨੀ ਕਰ ਰਿਹਾ ਹੁੰਦਾ ਹੈ । ਆਪਣੇ ਨਿੱਤ ਦੇ ਕੰਮਾਂ-ਕਾਰਾਂ ਨੂੰ ਗੁਆਂਢੀ ਨਾਲ ਸਾਂਝਿਆਂ ਕਰਕੇ ਉਸ ਨਾਲ ਅਪਣੱਤ ਵਧਾਈ ਜਾ ਸਕਦੀ ਹੈ । ਕਈ ਵਾਰ ਗੁਆਂਢੀ ਨਾਲ ਤਕਰਾਰ ਵੀ ਹੋ ਜਾਂਦੀ ਹੈ । ਖੇਡਦੇ ਬੱਚੇ ਆਂਢ-ਗੁਆਂਢ ਦੇ ਝਗੜੇ ਦਾ ਕਾਰਨ ਬਣ ਜਾਂਦੇ ਹਨ । ਪਰ ਚੰਗਾ ਗੁਆਂਢ ਬੱਚਿਆਂ ਦੀ ਲੜਾਈ ਵਿੱਚ ਸ਼ਾਮਲ ਹੋਣ ਦੀ ਥਾਂ ਉਹਨਾਂ ਦੀ ਲੜਾਈ ਨੂੰ ਸਮਝਾ-ਬੁਝਾ ਕੇ ਸਮਾਪਤ ਕਰ ਦਿੰਦਾ ਹੈ । ਸੋ ਗੁਆਂਢੀ ਨਾਲ ਈਰਖਾ ਨਹੀਂ ਕਰਨੀ ਚਾਹੀਦੀ । ਚੰਗਾ ਗੁਆਂਢੀ ਸ਼ਾਂਤੀ ਦਾ ਦੂਤ ਬਣ ਸਕਦਾ ਹੈ ।

(ੳ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ । **[2]**

(ਅ) ਚੰਗਾ ਗੁਆਂਢੀ ਆਪਣਾ ਸਾਥ ਕਿਵੇਂ ਨਿਭਾਉਂਦਾ ਹੈ ? **[2]**

(ੲ) ਚੰਗੇ ਗੁਆਂਢ ਦਾ ਕੀ-ਕੀ ਲਾਭ ਹੁੰਦਾ ਹੈ ? **[2]**

(ਸ) ਗੁਆਂਢੀ ਨਾਲ ਅਪਣੱਤ ਕਿਵੇਂ ਵਧਾਈ ਜਾ ਸਕਦੀ ਹੈ ? **[2]**

(ਹ) ਔਖੇ ਸ਼ਬਦਾਂ ਦੇ ਅਰਥ ਲਿਖੋ :- **[2]**

ਮੁਸਤੈਦੀ, ਅਪਣੱਤ, ਨਿਗਰਾਨੀ, ਤਕਰਾਰ ।

2) ਹੇਠ ਦਿੱਤੇ ਕਿਸੇ ਇੱਕ ਵਿਸ਼ੇ ਉੱਪਰ ਨਿਬੰਧ ਰਚਨਾ ਕਰੋ :- **[10]**

(ੳ) ਵੱਧਦੀ ਆਬਾਦੀ ਇੱਕ ਸਮੱਸਿਆ

(ਅ) ਮੇਰਾ ਹਰਮਨ-ਪਿਆਰਾ ਸਰੀਰਕ ਸਿੱਖਿਆ ਅਧਿਆਪਕ (ਪੀ.ਟੀ.ਆਈ.)

(ੲ) ਕੋਈ ਇੱਕ ਤਿਉਹਾਰ

(ਸ) ਸ੍ਰੀ ਗੁਰੂ ਗੋਬਿੰਦ ਸਿੰਘ ਜੀ

3) ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਆਚਰਨ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ ।
**[1 + 3 + 1 = 5]**

(ਜਾਂ)

ਆਪਣੇ ਮਿੱਤਰ / ਸਹੇਲੀ ਨੂੰ ਉਸ ਦੇ ਦਸਵੀਂ ਜਮਾਤ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋਣ'ਤੇ ਵਧਾਈ - ਪਤੱਰ ਲਿਖੋ ।

4) (ੳ) 'ਮਲਵਈ' ਉਪਭਾਸ਼ਾ ਕਿਹੜੇ-ਕਿਹੜੇ ਖੇਤਰਾਂ ਵਿੱਚ ਬੋਲੀ ਜਾਂਦੀ ਹੈ ? **[2]**

(ਅ) ਪੰਜਾਬੀ ਸਵਰ-ਧੁਨੀਆਂ ਦੀ ਪ੍ਰੀਭਾਸ਼ਾ ਲਿਖੋ । **[2]**

(ੲ) ਬਿੰਦੀ ਕਿਹੜੀ-ਕਿਹੜੀ ਲਗ ਨਾਲ ਲੱਗਦੀ ਹੈ, ਉਦਾਰਹਨਾਂ ਸਹਿਤ ਦੱਸੋ । **[2]**

5) (ੳ) ਵਿਰੋਧੀ ਸ਼ਬਦ ਲਿਖੋ (ਕੋਈ ਤਿੰਨ ਸ਼ਬਦ) [3]

ਭੁੱਖਾ, ਅਕ੍ਰਿਤਘਣ, ਸੁੱਖ, ਨੇਕੀ, ਬਰੀਕ ।

(ਅ) ਕਿਸੇ ਤਿੰਨ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ । [3]

ਉਪਕਾਰ, ਆਦਰ, ਬਹਾਦਰ, ਹੁਸ਼ਿਆਰ, ਖ਼ੁਸ਼ੀ ।

(ੲ) ਕਿਸੇ ਤਿੰਨ ਸ਼ਬਦਾਂ ਦੇ ਦੋ-ਦੋ ਬਹੁਅਰਥਕ ਸ਼ਬਦ ਲਿਖ ਕੇ ਵਾਕ ਬਣਾਉ । [3]

ਸਰ, ਚੱਕ, ਵੇਲ, ਲੜ, ਵਾਰ ।

6) ਹੇਠ ਲਿਖੇ ਕਿਸੇ ਇੱਕ ਕਾਵਿ-ਬੰਦ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਉੱਤਰ ਲਿਖੋ :-

[4 × 2½ = 10]

(ੳ) ਸੱਚਿਆਂ ਨੂੰ ਹੁਣ ਮਿਲਕੇ ਧੱਕੇ, ਝੂਠੇ ਕੋਲ ਬਹਾਏ ।
ਇਰਾਕੀਆਂ ਨੂੰ ਪਏ ਚਾਬਕ ਪੈਂਦੇ, ਗੱਦੋਂ ਖ਼ੁਕ ਖਵਾਏ ।
ਕਾਉਂ ਲਗੜ ਨੂੰ ਮਾਰਨ ਲੱਗੇ, ਚਿੜੀਆਂ ਜੁੱਗੇ ਖਾਏ ।

i) ਉਪਰੋਕਤ ਕਾਵਿ - ਬੰਦ ਦਾ ਪ੍ਰਸੰਗ ਲਿਖੋ ।

ii) ਉਪਰੋਕਤ ਕਾਵਿ - ਬੰਦ ਦੀ ਸਰਲ ਵਿਆਖਿਆ ਲਿਖੋ ।

iii) ਕਵੀ ਅਨੁਸਾਰ ਧੱਕੇ ਕਿੰਨ੍ਹਾਂ ਨੂੰ ਅਤੇ ਕੋਲ ਕਿੰਨ੍ਹਾਂ ਨੂੰ ਬਿਠਾਇਆ ਜਾਣ ਲੱਗਾ ਸੀ ?

iv) ਔਖੇ ਸ਼ਬਦਾਂ ਦੇ ਅਰਥ ਲਿਖੋ ।

ਚਾਬਕ, ਗੱਦੋਂ, ਖ਼ੁਦ, ਜੁੱਗ, ਕਾਉਂ ।

ਜਾਂ

(ਅ) ਮਾਂ ਵਰਗਾ ਘਣ-ਛਾਂਵਾਂ ਬੂਟਾ, ਮੈਨੂੰ ਨਜ਼ਰ ਨਾ ਆਏ ।

ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ ।

ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਮੁਰਝਾਂਦੇ ।

ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁਕ ਜਾਏ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।

ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।

iii) ਸੁਰਗ ਬਣਾਉਣ ਵੇਲੇ ਰੱਬ ਨੂੰ ਛਾਂ ਕਿਸ ਕੋਲੋਂ ਉਧਾਰੀ ਲੈਣੀ ਪਾਈ ?

iv) ਔਖੇ ਸ਼ਬਦਾਂ ਦੇ ਅਰਥ ਲਿਖੋ :-

ਘਣ-ਛਾਂਵਾਂ, ਨਜ਼ਰ, ਦੁਨੀਆਂ, ਮੁਰਝਾਇਆਂ, ਸੁਰਗ ।

7) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਲਿਖੋ :- **[2 × 5 = 10]**

(ੳ) ਗਗਨ ਮੈ ਥਾਲੁ (ਆਰਤੀ) ਸ਼ਬਦ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਸਾਰ ਲਿਖੋ ।

(ਅ) ਮੀਆਂ ਵਜੀਦ ਦੇ ਕਿਹੜੇ ਸਲੋਕਾਂ ਵਿੱਚ ਹੰਕਾਰੀ ਮਨੁੱਖਾਂ ਦੀ ਦੁਰਦਸ਼ਾ ਦੇ ਇਤਿਹਾਸਿਕ ਹਵਾਲਿਆਂ ਦਾ ਚਿਤਰਨ ਹੈ ? ਵਰਨਣ ਕਰੋ ।

(ੲ) 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਕਵਿਤਾ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

(ਸ) 'ਸੁੰਨੇ ਸੁੰਨੇ ਰਾਹਾਂ ਵਿੱਚ' ਕਵਿਤਾ 'ਚ ਪ੍ਰਗਟ ਕੀਤੇ ਗਏ ਵਿਚਾਰਾਂ ਨੂੰ ਵਿਸਥਾਰ ਵਿੱਚ ਲਿਖੋ ।

8) ਹੇਠ ਲਿਖੇ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ :- [5 × 2 = 10]

(ੳ) ਗੰਗਾਦੀਨ ਦੀ ਮਾੜੀ ਮਾਲੀ ਹਾਲਤ ਲਈ ਕੌਣ ਜ਼ਿੰਮੇਵਾਰ ਸੀ ? ਤੇ ਕਿਉਂ ?

(ਅ) ਮਿਲਖਾ ਸਿੰਘ ਨੂੰ 'ਫ਼ਲਾਇੰਗ ਸਿੱਖ' ਦੀ ਉਪਾਧੀ ਕਦੋਂ ਤੇ ਕਿਵੇਂ ਪ੍ਰਾਪਤ ਹੋਈ ਸੀ ?

(ੲ) 'ਰਾਜਸਥਾਨ ਦੇ ਪ੍ਰਸਿੱਧ ਕਿਲ੍ਹੇ' ਨਿਬੰਧ ਦਾ ਲੇਖਕ ਕੌਣ ਹੈ ਅਤੇ ਰਾਜਸਥਾਨ ਦੇ ਭਾਟੀ ਰਾਜਪੂਤਾਂ ਨਾਲ ਸੰਬੰਧਿਤ ਕਿਲ੍ਹੇ ਉੱਪਰ ਟਿੱਪਣੀ ਲਿਖੋ ।

(ਸ) ਭਾਈ ਮਰਦਾਨਾ ਜੀ ਦੇ ਪੁੱਤਰ ਨੂੰ ਗੁਰੂ ਜੀ ਨੇ ਕੀ ਅਸ਼ੀਰਵਾਦ ਦਿੱਤਾ ?

(ਹ) ਲੇਖਕ ਦੀ ਮਾਂ ਡਰ ਹਟਾਉਣ ਲਈ ਉਹਨਾਂ ਨੂੰ ਮਾਮੇ ਦੀ ਕਿਹੜੀ ਗੱਲ ਸੁਣਾਉਂਦੀ ਹੁੰਦੀ ਸੀ ? (ਪੇਸ਼ੀ ਦੇ ਨਿਆਣੇ)

(ਕ) "ਉੱਤੇ ਬਗਲੇ ਨ੍ਹਾਂਉਂਦੇ ਰਹੇ ਅਤੇ ਹੇਠਾਂ ਲਾਲ ਨਹਾਉਂਦਾ ਰਿਹਾ" ।

ਪਿੰਡ ਦੇ ਲੋਕ ਇਹ ਕਿਉਂ ਕਹਿੰਦੇ ਫਿਰਦੇ ਸਨ ?

(ਖ) ਸੌਣਪੁਰੇ ਜਾ ਰਹੇ ਕਰਤਾਰੇ ਦੇ ਮਨ 'ਚ ਕਿਹੜੇ-ਕਿਹੜੇ ਖ਼ਿਆਲ ਆ ਰਹੇ ਸਨ ?

(ਗ) 'ਦੁੱਧ ਦਾ ਛੱਪੜ' ਕਹਾਣੀ ਦਾ ਲੇਖਕ ਕੌਣ ਹੈ ?

ਪਹਿਲਾਂ ਹੀ ਚੋਈ ਜਾ ਚੁੱਕੀ ਮੱਝ ਦਾ ਪਰਦਾ ਰੱਖਣ ਲਈ ਲਾਲ ਨੂੰ ਕੀ ਫ਼ੁਰਨਾ ਫੁਰਿਆ ?

9) 'ਮਹਾਰਾਜਾ ਗੰਗਾ ਸਿੰਘ' ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । [5]

ਜਾਂ

"ਸੁੱਚੀ ਕਿਰਤ ਜ਼ਰੂਰ ਰੱਬ ਦੀ ਪੂਜਾ ਹੈ"। ਸਪੱਸ਼ਟ ਕਰੋ ।

10) 'ਪਹੁਤਾ ਪਾਂਧੀ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । [5]

ਜਾਂ

'ਕਪੂਰ ਸਿੰਘ' ਦੀ ਪਾਤਰ ਉਸਾਰੀ ਕਰੋ । (ਸਾਂਝੀ ਕੰਧ)

● ● ●